Alberta Government

ਨਿਊਜ਼ ਰਿਲੀਜ਼

# ਨਫ਼ਰਤੀ ਅਪਰਾਧ ਨਾਲ ਨਜਿੱਠਣ ਲਈ ਨਵੀ ਸੰਪਰਕ ਪ੍ਰਣਾਲੀ

ਮਈ 27, 2022 Media inquiries

---

## ਦੋ ਨਵੇਂ ਨਫ਼ਰਤੀ ਅਪਰਾਧ ਕਮਿਊਨਿਟੀ ਸੰਪਰਕ, ਕਮਜ਼ੋਰ ਅਲਬਰਟਾਵਾਸੀਆਂ ਦੀ ਸੁਰੱਖਿਆ ਵਿੱਚ ਮਦਦ ਕਰਨ ਲਈ ਨਫ਼ਰਤੀ ਅਪਰਾਧਾਂ ਤੋਂ ਪ੍ਰਭਾਵਿਤ ਸਮੂਹਾਂ ਨੂੰ ਨਿਆਂ ਪ੍ਰਣਾਲੀ ਨਾਲ ਜੋੜਨ ਵਿੱਚ ਮਦਦ ਕਰਨਗੇ।

ਅਲਬਰਟਾ ਸਰਕਾਰ ਨੇ ਸੇਸੀਲੀਆ ਮਜ਼ਵੌਂਡੀਵਾ ਅਤੇ ਲੈਂਡਨ ਟਰਲਾਕ ਨੂੰ ਸੂਬੇ ਦੇ ਪਹਿਲੇ ਨਫ਼ਰਤ ਅਪਰਾਧ ਕਮਿਊਨਿਟੀ ਸੰਪਰਕ ਵਜੋਂ ਨਿਯੁਕਤ ਕੀਤਾ ਹੈ। ਉਹ ਨਫ਼ਰਤ ਅਤੇ ਪੱਖਪਾਤ ਤੋਂ ਪ੍ਰੇਰਿਤ ਅਪਰਾਧਾਂ ਦੁਆਰਾ ਸਭ ਤੋਂ ਵੱਧ ਨਿਸ਼ਾਨਾ ਬਣਾਏ ਗਏ ਸੱਭਿਆਚਾਰਕ ਭਾਈਚਾਰਿਆਂ ਨਾਲ ਸਿੱਧੇ ਕੰਮ ਕਰਨਗੇ। ਦੋਵੇਂ ਸੰਪਰਕ ਸਰਕਾਰ ਨੂੰ ਸਿਫਾਰਿਸ਼ ਕਰਨਗੇ ਕਿ ਇਹਨਾਂ ਅਪਰਾਧਾਂ ਨੂੰ ਰੋਕਣ ਅਤੇ ਪੀੜਤਾਂ ਦੀ ਸਹਾਇਤਾ ਲਈ ਆਪਸੀ ਤਾਲਮੇਲ ਸਹਿਤ ਰਣਨੀਤੀ ਕਿਵੇਂ ਵਿਕਸਿਤ ਅਤੇ ਲਾਗੂ ਕੀਤੀ ਜਾਵੇ।

“ਅਲਬਰਟਾ ਨਫ਼ਰਤ ਅਤੇ ਪੱਖਪਾਤ-ਪ੍ਰੇਰਿਤ ਅਪਰਾਧਾਂ ਦੁਆਰਾ ਨਿਸ਼ਾਨਾ ਬਣਾਏ ਗਏ ਲੋਕਾਂ ਦੀ ਸੁਰੱਖਿਆ ਲਈ ਇੱਕ ਬਹੁ-ਪੱਖੀ ਪਹੁੰਚ ਅਪਣਾ ਰਿਹਾ ਹੈ। ਮੈਂ ਸਾਡੇ ਨਵੇਂ ਭਾਈਚਾਰਕ ਸੰਪਰਕ ਨੂੰ ਕਈ ਤਰੀਕਿਆਂ ਨਾਲ ਕਾਨੂੰਨ ਲਾਗੂ ਕਰਨ ਸਬੰਧੀ ਕਾਰਵਾਈਆਂ ਅਤੇ ਲੋੜਵੰਦਾਂ ਅਤੇ ਪੀੜਤਾਂ ਲਈ ਸਹਾਇਤਾ ਪ੍ਰਦਾਨ ਕਰਨ ਲਈ ਬਹੁਤ ਉਤਸ਼ਾਹਿਤ ਹਾਂ।
*ਟਾਈਲਰ ਸ਼ੈਂਡਰੋ, ਨਿਆਂ ਮੰਤਰੀ ਅਤੇ ਸਾਲਿਸਟਰ ਜਨਰਲ*

“ਮੈਂ ਅਲਬਰਟਾ ਦੇ ਪਹਿਲੇ ਨਫ਼ਰਤ ਅਪਰਾਧ ਸੰਪਰਕਾਂ ਦੀ ਨਿਯੁਕਤੀ ਨੂੰ ਦੇਖ ਕੇ ਖੁਸ਼ ਹਾਂ। ਇਹ ਦੋ ਸੰਪਰਕ ਨਫ਼ਰਤੀ ਅਪਰਾਧਾਂ ਅਤੇ ਨਸਲਵਾਦ ਨਾਲ ਨਜਿੱਠਣ ਵਿੱਚ ਮਦਦ ਕਰਨ ਅਤੇ ਸਾਡੇ ਵਿਭਿੰਨ ਸੱਭਿਆਚਾਰਕ ਭਾਈਚਾਰਿਆਂ ਵਿੱਚ ਪਹੁੰਚ ਲਈ ਸਰਕਾਰ ਦੀ ਸਹਾਇਤਾ ਲਈ ਮਹੱਤਵਪੂਰਨ ਸਰੋਤ ਹੋਣਗੇ।"
*ਮੁਹੰਮਦ ਯਾਸੀਨ, ਇਮੀਗ੍ਰੇਸ਼ਨ ਅਤੇ ਮਲਟੀਕਲਚਰਲਿਜ਼ਮ ਦੇ ਐਸੋਸੀਏਟ ਮੰਤਰੀ*

“ਅਲਬਰਟਾ ਦੇ ਭਾਈਚਾਰਿਆਂ ਵਿੱਚ ਨਫ਼ਰਤੀ ਅਪਰਾਧ ਇੱਕ ਚੁਣੌਤੀਪੂਰਨ ਸੱਚਾਈ ਹੈ। ਨਫ਼ਰਤ ਦਾ ਮੁਕਾਬਲਾ ਕਰਨ ਅਤੇ ਸੁਰੱਖਿਅਤ ਭਾਈਚਾਰੇ ਬਣਾਉਣ ਲਈ ਸਾਨੂੰ ਮਿਲ ਕੇ ਕੰਮ ਕਰਨ ਦੀ ਲੋੜ ਹੈ। ਮੈਂ ਇੱਕ ਸੁਰੱਖਿਅਤ ਮਾਹੌਲ ਸਿਰਜਣ ਲਈ ਆਪਣੇ ਭਾਈਚਾਰਿਆਂ ਅਤੇ ਹਿੱਸੇਦਾਰਾਂ ਨੂੰ ਸ਼ਾਮਲ ਕਰਨ ਦੀ ਉਮੀਦ ਕਰਦੀ ਹਾਂ ਜਿੱਥੇ ਹਰ ਅਲਬਰਟਨ ਵਿੱਚ ਸੁਰੱਖਿਆ ਅਤੇ ਆਪਸ ਵਿੱਚ ਜੁੜੇ ਹੋਣ ਦੀ ਭਾਵਨਾ ਹੋਵੇ।”
*ਸੇਸੀਲੀਆ ਮਜ਼ਵੌਂਡੀਵਾ, ਨਫ਼ਰਤ ਅਪਰਾਧ ਕਮਿਊਨਿਟੀ ਸੰਪਰਕ*

“ਮੈਂ ਇਸ ਨਵੇਂ ਮੌਕੇ ਲਈ ਸ਼ੁਕਰਗੁਜ਼ਾਰ ਹਾਂ ਅਤੇ ਉਨ੍ਹਾਂ ਲੋਕਾਂ ਦੇ ਨਾਲ ਕੰਮ ਕਰਨ ਦੀ ਉਮੀਦ ਕਰਦਾ ਹਾਂ ਜੋ ਸਾਡੇ ਸੂਬੇ ਵਿੱਚ ਨਫ਼ਰਤੀ ਅਪਰਾਧਾਂ ਅਤੇ ਘਟਨਾਵਾਂ ਤੋਂ ਸਭ ਤੋਂ ਵੱਧ ਪ੍ਰਭਾਵਿਤ ਹਨ। ਮੈਨੂੰ ਉਮੀਦ ਹੈ ਕਿ ਅਸੀਂ ਰੱਲ ਕੇ ਇਹਨਾਂ ਮੁੱਦਿਆਂ ਨੂੰ ਹੱਲ ਕਰਨ ਲਈ ਸਫਲ ਯਤਨ ਕਰਾਂਗੇ।"
*ਲੈਂਡਨ ਟਰਲੋਕ, ਨਫ਼ਰਤ ਅਪਰਾਧ ਕਮਿਊਨਿਟੀ ਸੰਪਰਕ*

ਨਵੇਂ ਸੰਪਰਕ, ਅਲਬਰਟਾ ਵਿੱਚ ਨਫ਼ਰਤੀ ਅਪਰਾਧਾਂ ਨੂੰ ਰੋਕਣ ਲਈ ਸੂਬਾਈ ਕਾਰਵਾਈਆਂ ਦੀ ਲੰਬੀ ਸੂਚੀ ਵਿੱਚ ਸ਼ਾਮਲ ਹੁੰਦੇ ਹਨ ਅਤੇ ਨਿਸ਼ਾਨਾ ਬਣਾਏ ਗਏ ਲੋਕਾਂ ਦੀ ਬਿਹਤਰ ਸਹਾਇਤਾ ਕਰਦੇ ਹਨ।

ਸੂਬੇ ਨੇ ਅਲਬਰਟਾ ਸੁਰੱਖਿਆ ਬੁਨਿਆਦੀ ਢਾਂਚਾ ਪ੍ਰੋਗਰਾਮ ਪੇਸ਼ ਕੀਤਾ ਤਾਂ ਜੋ ਨਿਸ਼ਾਨਾ ਬਣਾਏ ਗਏ ਸੰਗਠਨ ਸੁਰੱਖਿਆ ਉਪਾਵਾਂ ਨੂੰ ਮਜ਼ਬੂਤ ਕਰਨ ਲਈ ਗ੍ਰਾਂਟ ਫੰਡਿੰਗ ਪ੍ਰਾਪਤ ਕਰ ਸਕਣ ਅਤੇ ਇਸ ਸਾਲ ਹੋਰ ਸੰਸਥਾਵਾਂ ਦੀ ਮਦਦ ਕਰਨ ਲਈ ਫੰਡਿੰਗ ਨੂੰ ਦੁੱਗਣਾ ਕੀਤਾ ਗਿਆ ਸੀ।

ਅਲਬਰਟਾ ਸਰਕਾਰ ਨੇ ਨਫ਼ਰਤੀ ਅਪਰਾਧਿਕ ਘਟਨਾਵਾਂ ਨੂੰ ਘਟਾਉਣ ਅਤੇ ਕਾਰਵਾਈ ਵਿੱਚ ਮਦਦ ਲਈ ਸੂਬੇ ਭਰ ਵਿੱਚ ਕਾਨੂੰਨ ਲਾਗੂ ਕਰਨ ਵਾਲੇ ਸਮੂਹਾਂ ਨਾਲ ਕੰਮ ਕਰਨ ਲਈ ਨਫ਼ਰਤ ਅਪਰਾਧ ਕੋਆਰਡੀਨੇਸ਼ਨ ਯੂਨਿਟ ਵੀ ਬਣਾਇਆ ਹੈ। ਯੂਨਿਟ ਪੂਰੇ ਸਟਾਫ ਸਹਿਤ ਚੱਲ ਰਿਹਾ ਹੈ।

# ਬਾਇਓਗ੍ਰਾਫੀ

ਸੇਸੀਲੀਆ ਮਜ਼ਵੋਂਡੀਵਾ ਵਿੱਭਿੰਨਤਾ, ਸਮਾਨਤਾ ਅਤੇ ਸ਼ਮੂਲੀਅਤ ਕੰਸਲਟੈਂਸੀ ਦੀ ਸੰਸਥਾਪਕ ਅਤੇ ਸੀਈਓ ਹੈ ਅਤੇ ਇੱਕ ਪ੍ਰਮਾਣਿਤ ਲੀਡਰਸ਼ਿਪ ਕੋਚ ਅਤੇ ਵਿਭਿੰਨਤਾ ਅਤੇ ਸ਼ਮੂਲੀਅਤ ਦੇ ਮਾਹਰ ਹਨ। ਹਾਲ ਹੀ ਵਿੱਚ ਉਨਾਂ ਨੇ ਇਮੀਗ੍ਰੇਸ਼ਨ ਅਤੇ ਪਰਿਵਾਰਕ ਮਾਮਲਿਆਂ ਬਾਰੇ ਕਾਨੂੰਨੀ ਸਹਾਇਤਾ ਅਤੇ ਸਲਾਹ ਪ੍ਰਦਾਨ ਕਰਦੇ ਹੋਏ ਡੋਬਕੋ ਐਂਡ ਵ੍ਹੀਟਨ ਦੇ ਨਾਲ ਵਕੀਲ ਵਜੋਂ ਕੰਮ ਕੀਤਾ।

ਲੈਂਡਨ ਟਰਲੋਕ ਨੇ ਕਮਿਊਨਿਟੀ ਸੁਰੱਖਿਆ ਸੰਪਰਕ ਤਾਲਮੇਲ ਅਤੇ ਕਮਿਊਨਿਟੀ-ਅਧਾਰਤ ਅਪਰਾਧ ਰੋਕਥਾਮ ਹਿੱਸੇਦਾਰੀ ਨਾਲ ਸਬੰਧਿਤ ਜਨਤਕ ਰੁਝੇਵਿਆਂ ਦੀ ਅਗਵਾਈ ਲਈ ਸਿਟੀ ਆਫ ਐਡਮਿੰਟਨ ਵਿੱਚ ਸੇਵਾ ਕੀਤੀ ਹੈ। ਇਹ ਸਮਾਜਕ ਕੰਮਾਂ ਅਤੇ ਭਾਈਚਾਰਕ ਰੁਝੇਵਿਆਂ ਦੇ  ਸਿੱਖਿਆ ਪ੍ਰਾਪਤ ਅਤੇ ਅਨੁਭਵੀ ਹਨ।

ਦੋਵੇਂ ਨਿਯੁਕਤੀਆਂ ਦੋ ਸਾਲਾਂ ਲਈ 25 ਮਈ 2022 ਤੋਂ ਪ੍ਰਭਾਵੀ ਹਨ।

# ਸਬੰਧਿਤ ਜਾਣਕਾਰੀ

- Alberta Security Infrastructure Program(ਅਲਬਰਟਾ ਸੁਰੱਖਿਆ ਬੁਨਿਆਦੀ ਢਾਂਚਾ ਗ੍ਰਾਂਟ ਪ੍ਰੋਗਰਾਮ)

# ਸਬੰਧਿਤ ਖਬਰਾਂ

- Taking a stand against hate crimes(ਨਫਰਤੀ ਅਪਰਾਧਾਂ ਵਿਰੁੱਧ ਖੜ੍ਹੇ ਹੋਣਾ) (ਜੂਨ 10, 2021)

# ਮੀਡੀਆ ਪੁੱਛਗਿੱਛ

**Joseph Dow (ਜੋਸਫ ਡੋਅ)**
780-983-8714
ਪ੍ਰੈਸ ਸੈਕਟਰੀ, ਜਸਟਿਸ ਅਤੇ ਸੌਲੀਸੀਟਰ ਜਨਰਲ)

View this announcement online
Government of Alberta newsroom
Contact government
Unsubscribe